# India-UAE Virtual Summit

February 16, 2022

## ਭਾਰਤ-ਯੂਏਈ ਦਰਮਿਆਨ ਵਰਚੁਅਲ ਸ਼ਿਖ਼ਰ  ਸੰਮੇਲਨ

**16 ਫਰਵਰੀ, 2022**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਅਬੂ ਧਾਬੀ ਦੇ ਯੁਵਰਾਜ ਅਤੇ ਯੂਏਈ ਦੀ ਫੌਜਾਂ ਦੇ ਡਿਪਟੀ ਸੁਪਰੀਮ ਕਮਾਂਡਰ ਮਹਾਮਹਿਮ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ 18 ਫਰਵਰੀ, 2022 ਨੂੰ ਵਰਚੁਅਲ ਸਿਖਰ ਸੰਮੇਲਨ ਕਰਣਗੇ। ਅਜਿਹੇ ਸਮੇਂ ਜਦੋਂ ਭਾਰਤ ਆਪਣੀ ਆਜ਼ਾਦੀ ਦੇ 75 ਸਾਲਾਂ ਦੀ ਵਰੇਗੰਢ ਨੂੰ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਵਜੋਂ ਮਨਾ ਰਿਹਾ ਹੈ ਅਤੇ ਯੂਏਈ ਆਪਣੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਦੋਵੇਂ ਆਗੂਆਂ ਵੱਲੋਂ ਆਪਣੇ ਇਤਿਹਾਸਕ ਅਤੇ ਦੋਸਤਾਨਾ ਸਬੰਧ ਬਾਰੇ ਆਪਣਾ ਦ੍ਰਿਸ਼ਟੀਕੋਣ ਰੱਖਣ ਦੀ ਉਮੀਦ ਹੈ।

ਦੋਵੇਂ ਆਗੂ ਦੁਵੱਲੇ ਸਹਿਯੋਗ 'ਤੇ ਚਰਚਾ ਕਰਨਗੇ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨਗੇ।

ਹਾਲੀਆ ਸਾਲਾਂ ਵਿੱਚ ਭਾਰਤ ਅਤੇ ਯੂਏਈ ਦਰਮਿਆਨ ਦੁਵੱਲੇ ਸਬੰਧ ਦੇ ਸਾਰੇ ਖੇਤਰਾਂ ਵਿੱਚ ਮਜ਼ਬੂਤੀ ਆਈ ਹੈ ਅਤੇ ਦੋਵਾਂ ਪੱਖਾਂ ਨੇ ਵਿਸਥਾਰਤ ਰਣਨੀਤਕ ਭਾਈਵਾਲੀ ਸ਼ੁਰੂ ਕੀਤੀ ਹੈ। ਪ੍ਰਧਾਨ ਮੰਤਰੀ ਨੇ 2015, 2018 ਅਤੇ 2019 ਵਿੱਚ ਯੂਏਈ ਦਾ ਦੌਰਾ ਕੀਤਾ ਸੀ ਜਦੋਂ ਕਿ ਅਬੂ ਧਾਬੀ ਦੇ ਯੁਵਰਾਜ ਨੇ 2016 ਅਤੇ 2017 ਵਿੱਚ ਭਾਰਤ ਦਾ ਦੌਰਾ ਕੀਤਾ ਸੀ। ਦੋਵਾਂ ਪੱਖਾਂ ਦਰਮਿਆਨ ਮੰਤਰੀ ਪੱਧਰੀ ਦੌਰੇ ਵੀ ਜਾਰੀ ਹਨ, ਜਿਨ੍ਹਾਂ ਵਿੱਚ ਵਿਦੇਸ਼ ਮੰਤਰੀ ਦੀਆਂ ਤਿੰਨ ਫੇਰੀਆਂ ਅਤੇ 2021 ਵਿੱਚ ਯੂਏਈ ਦੇ ਵਣਜ ਅਤੇ ਉਦਯੋਗ ਮੰਤਰੀ ਦੀ ਫੇਰੀ ਸ਼ਾਮਲ ਹੈ।

ਦੋਵਾਂ ਪੱਖਾਂ ਨੇ COVID -19 ਮਹਾਂਮਾਰੀ ਦੌਰਾਨ ਸਿਹਤ ਸੰਭਾਲ ਅਤੇ ਭੋਜਨ ਸੁਰੱਖਿਆ ਦੇ ਮਹੱਤਵਪੂਰਨ ਖੇਤਰਾਂ ਵਿੱਚ ਨੇੜਲਾ ਸਹਿਯੋਗ ਕੀਤਾ ਹੈ। ਦੁਵੱਲੇ ਵਪਾਰ, ਨਿਵੇਸ਼ ਅਤੇ ਊਰਜਾ ਦੇ ਖੇਤਰਾਂ ਅੰਦਰ ਸਬੰਧ ਮਜ਼ਬੂਤ ਰਹੇ ਹਨ। ਦੋਵੇਂ ਪੱਖ ਨਵਿਆਉਣਯੋਗ ਊਰਜਾ, ਸਟਾਰਟ-ਅੱਪਸ, ਫਿਨਟੈਕ ਆਦਿ ਨਵੇਂ ਖੇਤਰਾਂ ਵਿੱਚ ਵੀ ਆਪਣੇ ਸਹਿਯੋਗ ਨੂੰ ਮਜ਼ਬੂਤ ਕਰ ਰਹੇ ਹਨ।  ਦੁਬਈ ਐਕਸਪੋ 2020 ਵਿੱਚ ਭਾਰਤ ਦਾ ਪੈਵਿਲਿਅਨ ਸਭ ਤੋਂ ਵੱਡੇ ਪੈਵੇਲੀਅਨਾਂ ਵਿੱਚੋਂ ਇੱਕ ਰਿਹਾ ਹੈ।

ਦੁਵੱਲੇ ਸਬੰਧਾਂ ਦੇ ਮਾਮਲੇ 'ਚ ਪ੍ਰਮੁੱਖ ਪਹਿਲਕਦਮੀ ਵਿਸਥਾਰਤ ਆਰਥਿਕ ਭਾਈਵਾਲੀ ਸਮਝੌਤਾ (CEPA) ਹੈ। CEPA ਲਈ ਗੱਲਬਾਤ ਸਤੰਬਰ, 2021 ਵਿੱਚ ਸ਼ੁਰੂ ਕੀਤੀ ਗਈ ਸੀ, ਜੋ ਹੁਣ ਪੂਰੀ ਹੋ ਗਈ ਹੈ। ਇਹ ਸਮਝੌਤਾ ਭਾਰਤ-ਯੂਏਈ ਆਰਥਿਕ ਅਤੇ ਵਪਾਰਕ ਸਬੰਧਾਂ ਨੂੰ ਅਗਲੇ ਪੱਧਰ ਤੱਕ ਲੈ ਜਾਵੇਗਾ। UAE ਭਾਰਤ ਦਾ ਤੀਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਅਤੇ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਵਿੱਚ ਵੱਡਾ ਸੁਧਾਰ ਹੋਣ ਦੀ ਉਮੀਦ ਹੈ।

UAE ਅੰਦਰ ਵੱਡੀ ਗਿਣਤੀ ਵਿੱਚ ਭਾਰਤੀ ਭਾਈਚਾਰੇ ਰਹਿੰਦਾ ਹੈ, ਜਿਸਦੀ ਸੰਖਿਆ 35 ਲੱਖ ਦੇ ਕਰੀਬ ਹੈ। ਪ੍ਰਧਾਨ ਮੰਤਰੀ ਨੇ ਮਹਾਂਮਾਰੀ ਦੌਰਾਨ ਭਾਰਤੀ ਭਾਈਚਾਰੇ ਦੀ ਮਦਦ ਕਰਨ ਦੇ ਮਾਮਲੇ 'ਚ ਯੂਏਈ ਦੇ ਆਗੂਆਂ ਦੀ ਭਾਰਤ ਵੱਲੋਂ ਸ਼ਲਾਘਾ ਜ਼ਾਹਰ ਕੀਤੀ ਹੈ। ਯੂਏਈ ਦੇ ਆਗੂਆਂ ਨੇ ਵੀ ਇਸ ਦੇ ਵਿਕਾਸ ਵਿੱਚ ਭਾਰਤੀ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਦੋਵੇਂ ਪੱਖ ਮਹਾਂਮਾਰੀ ਦੌਰਾਨ 2020 ਵਿੱਚ ਏਅਰ ਬਬਲ ਵਿਵਸਥਾ ਬਣਾਉਣ 'ਤੇ ਸਹਿਮਤ ਹੋਏ ਸਨ ਜਿਸ ਸਦਕਾ COVID -19 ਪਾਸੋਂ ਦਰਪੇਸ਼ ਚੁਣੌਤੀਆਂ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਆਵਾਜਾਈ ਮੁਮਕਿਨ ਹੋਈ।

ਨਵੀਂ ਦਿੱਲੀ
16 ਫਰਵਰੀ, 2022

DISCLAIMER: This is an approximate translation. The original is available in English on MEA's website and may be referred to as the official press release.